# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਮਾਨਸਾ।

ਹੁਕਮ ਨੰ: ਅ-2/1( )/2018/ਪਾਰਟ ਟਾਇਮ(ਰੈਗੁਲਾਈਜੇਸ਼ਨਜ਼)/
ਮਿਤੀ ਮਾਨਸਾ 29-01-2018

ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-ਸਾਖਾ-3) ਚੰਡੀਗੜ੍ਹ ਜੀ ਦੇ ਪੱਤਰ ਨੰ:11/15/98-4ਪੀਪੀ-3/2803 ਮਿਤੀ 04.03.199 ਅਤੇ ਮੀਮੋ ਨੰ; 11/181-11 ਦਅ(3) ਮਿਤੀ 25.10.2012 ਦੀ ਰੋਸ਼ਨੀ ਵਿੱਚ ਚੇਅਰਮੈਨ ਵਿਭਾਗੀ ਸਕਰੀਨਿੰਗ ਕਮੇਟੀ ਵੱਲੋਂ ਵਿਚਾਰੇ ਗਏ ਹੇਠ ਲਿਖੇ ਪਾਰਟ ਟਾਇਮ ਵਰਕਰਾਂ ਦੇ ਕੇਸ ਠੀਕ ਪਾਏ ਜਾਣ ਤੇ ਉਹਨਾਂ ਦੀਆਂ ਸੇਵਾਵਾ ਤਤਕਾਲ ਸਮੇਂ ਤੋਂ 4900-10680+1650 (ਮੁਢਲੀ ਤਨਖਾਹ-6950) ਰੁਪਏ (ਪਹਿਲੇ ਤਿੰਨ ਸਾਲ ਲਈ ਬੇਸਿਕ ਤਨਖਾਹ ਜਾ ਡੀ.ਸੀ. ਰੇਟ ਦਿੱਤਾ ਜਾਵੇਗਾ )ਵਿੱਚ ਬਤੌਰ ਸਵੀਪਰ ਦਰਜਾ ਚਾਰ ਹੇਠ ਲਿਖੀਆ ਸ਼ਰਤਾਂ ਅਨੁਸਾਰ ਰੈਗੂਲਰ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ: | ਸੀਨੀ. ਨੰ: | ਪਾਰਟ ਟਾਈਮ ਵਰਕਰ ਸਵੀਪਰ ਦਾ ਨਾਂ | ਅਹੁਦਾ | ਸਕੂਲ ਦਾ ਨਾਮ | ਜਨਮ ਮਿਤੀ | ਪਾਰਟ ਟਾਈਮ ਲੱਗਣ ਮਿਤੀ | ਅਲਾਟ ਕੀਤਾ ਸਟੇਸ਼ਟ ਬਤੌਰ ਸਵੀਪਰ | ਪੀ.ਪੀ.ਨੰ.ਤੇ ਮਿਤੀ |
|---|---|---|---|---|---|---|---|---|
| 1 | 79 | ਦਲੀਪ ਕੌਰ | ਸਵੀਪਰ | ਸਪ੍ਰਸ ਆਦਮਕੇ | 1.1.1963 | 1/3/1992 | ਸਸਸਸ ਅਕਲੀਆ | 115/05-02-18 |

ਸ਼ਰਤਾਂ :-

1. ਇਹ ਕਿ ਉਹ ਸਰਕਾਰ ਦੀਆ ਹਦਾਇਤਾਂ ਅਨੁਸਾਰ ਯੋਗਤਾ ਪੂਰੀਆਂ ਕਰਦੇ ਹੋਣ ਅਤੇ ਹੁਕਮ ਜਾਰੀ ਹੋਣ ਤੱਕ ਦੀ ਮਿਤੀ ਨੂੰ ਬਤੌਰ ਪਾਰਟ ਟਾਇਮ ਸਵੀਪਰ ਕੰਮ ਕਰਦੇ ਹੋਣ।
2. ਇਹ ਕਿ ਸਪੱਸ਼ਟ ਰੂਪ ਵਿੱਚ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਪੇਸ਼ਕਸ਼ ਅਸਥਾਈ/ਪ੍ਰੋਵੀਜਨਲ ਖਾਲੀ ਅਸਾਮੀ ਤੇ ਹੈ, ਇਸ ਨਾਲ ਪੱਕੀ ਨੌਕਰੀ ਦਾ ਕੋਈ ਇਕਰਾਰ ਨਹੀਂ ਹੈ। ਇਹਨਾਂ ਨੂੰ ਬਿਨਾਂ ਨੋਟਿਸ ਦਿਤੇ ਨੌਕਰੀ ਵਿਚੋਂ ਵੱਖ ਕੀਤਾ ਜਾਂ ਸਕਦਾ ਹੈ ਅਰਥਾਤ ਜਦੋਂ ਅਜਿਹੀ ਕੋਈ ਖਾਲੀ ਅਸਾਮੀ ਕਾਇਮਨਮੁਕਾਮ ਨਾ ਹੋਵੇ ਜਿਸ ਉਪਰ ਉਸਨੂੰ ਕਾਇਮ ਮੁਕਤ ਤੌਰ ਤੇ ਲਗਾਇਆ ਜਾ ਸਕੇ।
3. ਇਹ ਕਿ ਜੇਕਰ ਇਹ ਕਿਸੇ ਮੌਕੇ ਤੇ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਚਾਹੁਣ ਤਾਂ ਲਾਜਮੀ ਹੋਵੇਗਾ।ਕਿ ਉਹ ਵਿਭਾਗ ਨੂੰ ਇਕ ਮਹੀਨੇ ਦਾ ਨੋਟਿਸ ਦੇਣ।ਉਪਰੋਕਤ ਦਰਸਾਈ ਸ਼ਰਤ ਨੰ:2 ਵਿੱਚ ਦੱਸੇ ਕਾਰਣਾ ਤੋਂ ਸਿਵਾਏ ਕਿਸੇ ਹੋਰ ਕਾਰਨ ਲਈ ਉਸਨੂੰ ਨੌਕਰੀ ਤੋਂ ਵੱਚ ਕਰਨ ਤੋਂ ਸਫਾਈ ਪੇਸ ਕਰਨ ਦਾ ਮੌਕਾ ਦਿੱਤਾ ਜਾਵੇਗਾ,ਅਜਿਹੀ ਹਾਲਤ ਵਿੱਚ ਇੱਕ ਮਹੀਨੇ ਦੇ ਨੋਟਿਸ ਵਾਲੀ ਸ਼ਰਤ ਲਾਗੂ ਨਹੀਂ ਹੋਵੇਗੀ।
4. ਇਹ ਕਿ ਸਪਸ਼ਟ ਰੂਪ ਵਿੱਚ ਦੱਸਿਆ ਜ਼ਾਂਦਾ ਹੈ ਕਿ ਉਹ ਪਹਿਲਾਂ ਵਿਭਾਗੀ ਪ੍ਰਵਾਨਗੀ ਲਏ ਬਿਨਾਂ ਕਿਸੇ ਪ੍ਰਕਾਰ ਦੀ ਉਚੇਰੀ ਵਿਦਿੱਆਂ ਹਾਸਲ ਨਹੀਂ ਕਰਨਗੇ।
5. ਇਹ ਕਿ ਉਹ ਉਕਤ ਪੈਰੇ 1 ਵਿੱਚ ਦਰਸਾਏ ਸਰਕਾਰ ਦੇ ਪੱਤਰਾਂ ਵਿੱਚ ਦਰਜ ਸ਼ਰਤਾਂ ਪੂਰੀਆਂ ਕਰਦੇ ਹੋਣ ,ਜੇਕਰ ਕਿਸੇ ਵੀ ਸਮੇਂ ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਉਹ ਦਰਸਾਏ ਪੱਤਰਾਂ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਤਾਂ ਉਹਨਾ ਦੀਆ ਸੇਵਾਵਾ ਇੱਕ ਮਹੀਨੇ ਦਾ ਨੋਟਿਸ ਦੇ ਕੇ ਖਤਮ ਕਰ ਦਿੱਤੀਆ ਜਾਣਗੀਆਂ।
6. ਇਹ ਕਿ ਉਹ ਵਿਆਹੇ ਹੋਣ ਦੀ ਸੂਰਤ ਵਿੱਚ ਉਸਦਾ ਇੱਕ ਪਤੀ/ਪਤਨੀ ਜਿਉਦਾਂ/ਜਿਉਦੀ ਹੋਵੇ ਜੇਕਰ ਉਸਦੇ ਪਤੀ/ਪਤਨੀ ਇੱਕ ਤੋਂ ਵੱਧ ਹੋਣ ਤਾਂ ਉਸਨੂੰ ਨਿਯੁਕਤੀ ਦੀ ਉਚਿਤਾ ਸਿੱਧ ਕਰਨੀ ਹੋਵੇਗੀ।
7. ਇਹ ਕਿ ਉਹਨਾਂ ਨੂੰ ਹਾਜ਼ਰ ਹੋਣ ਤੋਂ ਪਹਿਲਾਂ ਉਸਨੂੰ ਸਿਵਲ ਸਰਜਨ ਮਾਨਸਾ ਪਾਸੋਂ ਮੈਡੀਕਲ ਫਿਟਨੈਸ ਦਾ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ।
8. ਇਹ ਕਿ ਨੌਕਰੀ ਤੇ ਹਾਜਰ ਹੋਣ ਲਈ ਕੋਈ ਟੀ.ਏ/ਡੀ.ਏ ਜਾਂ ਹੋਰ ਲਾਭ ਨਹੀਂ ਦਿੱਤਾ ਜਾਵੇਗਾ।
9. ਇਹ ਕਿ ਉਹਨਾਂ ਨੂੰ ਹਾਜ਼ਰ ਹੋਣ ਤੋਂ ਪਹਿਲਾ ਚੈਚਕ ਦਾ ਟੀਕਾ ਲਗਵਾਉਣਾ ਪਵੇਗਾ।
10. ਇਹ ਕਿ ਇਸ ਨਿਯੁਕਤੀ ਤੋਂ ਤਿੰਨ ਸਾਲਾਂ ਲਈਂ ਪਰਖ ਸਮੇ ਲਈ (ਪ੍ਰੋਵੇਸਨਲ ਪੀਰੀਅਡ) ਹੋਵੇਗੀ। ਇਸ ਸਮੇਂ ਦੌਰਾਨ ਜੇਕਰ ਉਸਦਾ ਕੰਮ ਤੇ ਆਚਰਣ ਤਸੱਲੀ ਬਖਸ਼ ਨਾ ਪਾਇਆ ਗਿਆ ਤਾਂ ਬਿਨਾਂ ਨੋਟਿਸ ਦਿੱਤੇ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ।ਇਸ ਸਮੇ ਦੌਰਾਨ ਸਿਰਫ ਬੇਸਿਕ ਪੇ ਜਾ ਡੀ.ਸੀ. ਰੇਟ ਹੀ ਮਿਲੇਗਾ)
11. ਇਹ ਕਿ ਉਸਦਾ ਚਾਲ ਚੱਲਣ ਪੂਰਵ ਵਿਵਹਾਰ ਵੈਰੀਫੀਕੇਸ਼ਨ ਉਪਰੰਤ ਸਹੀ ਨਾ ਪਾਏ ਜਾਣ ਤੇ ਇਹਨਾ ਦੀਆ ਸੇਵਾਵਾ ਬਿਨਾਂ ਕਿਸੇ ਨੋਟਿਸ ਦਿੱਤੇ ਖਤਮ ਕਰ ਦਿੱਤੀਆਂ ਜਾਣਗੀਆਂ । ਉਸਦੀ ਵੈਰੀਫੀਕੇਸ਼ਨ ਰਿਪੋਰਟ ਪ੍ਰਾਪਤ ਹੋਣ ਤੇ ਹੀ ਉਸਦੀ ਤਨਖਾਹ ਰਿਲੀਜ ਕੀਤੀ ਜਾਵੇਗੀ।
12. ਉਸਨੂੰ ਭਾਰਤੀ ਸੰਵਿਧਾਨ ਦਾ ਵਫਾਦਾਰ ਰਹਿਣ ਲਈ ਲਿਖਤੀ ਸਹੁੰ ਚੁੱਕਣੀ ਪਵੇਗੀ।

13. ਇਹ ਕਿ ਜੇਕਰ ਵਰਕਰ ਵੱਲੋਂ ਦਿੱਤੇ ਤੱਥ/ਵੇਰਵੇ ਬਾਅਦ ਵਿੱਚ ਗਲਤ ਪਾਏ ਜਾਂਦੇ ਹਨ ਜਾਂ ਉਸ ਵੱਲੋਂ ਕੋਈ ਤੱਥ ਛੁਪਾਇਆ ਜਾਂਦਾ ਹੈ ਤਾਂ ਇਹ ਨਿਯੁਕਤੀ ਦੀ ਪੇਸ਼ਕਸ਼ ਰੱਦ ਸਮਝੀ ਜਾਵੇਗੀ ਅਤੇ ਹਾਜਰ ਹੋ ਜਾਣ ਉਪਰੰਤ ਬਿਨਾਂ ਕਿਸੇ ਨੋਟਿਸ ਦੇ ਇਹਨਾ ਸੇਵਾਵਾਂ ਸਮਾਪਤ ਕਰ ਦਿੱਤੀਆਂ ਜਾਣਗੀਆਂ।

14. ਸਰਕਾਰ ਵੱਲੋਂ ਜਾਰੀ ਕੀਤਾ ਗਿਆ ਨੋਟੀਫੀਕੇਸ਼ਨ ਨੰ: 11/94/02-4ਪੀ.ਪੀ2/650ਮਿਤੀ 12.01.2004 ਅਨੁਸਾਰ ਸਬੰਧਤ ਵਰਕਰਾਂ ਤੇ ਨਿਊ ਕੰਟਰੀਬਿਊਸ਼ਨ ਪੈਨਸ਼ਨ ਸਕੀਮ ਲਾਗੂ ਹੋਵੇਗੀ।

15. ਇਹ ਕਿ ਉਹਨਾਂ ਨੂੰ ਪਹਿਲੀ ਤਨਖਾਹ ਉਸਦੇ ਯੋਗਤਾਵਾਂ ਦੇ ਸਰਟੀਫੀਕੇਟ/ਸਰਵਿਸ ਰਿਕਾਰਡ ਵੈਰੀਫਿਕੇਸ਼ਨ ਹੋਣ ਉਪਰੰਤ ਠੀਕ ਪਾਏ ਜਾਣ ਤੇ ਰਿਲੀਜ ਹੋਵੇਗੀ।

16. ਇਹ ਕਿ ਇਹਨਾਂ ਨਿਯੁਕਤੀ ਸਬੰਧੀ ਮਾਨਯੋਗ ਕੋਰਟ/ਸਰਕਾਰ/ਵਿਭਾਗ ਪਾਸ ਜੋ ਕੇਸ/ਅਪੀਲਾਂ/ਸ਼ਿਕਾਇਤਾਂ ਪੈਡਿੰਗ ਹਨ ਉਹਨਾਂ ਵਿੱਚ ਜੋ ਫੈਸਲਾਂ ਹੋਵੇਗਾ ਉਹ ਮੰਨਣ ਦੇ ਪਾਬੰਧ ਹੋਵੇਗੇ।

17. ਕਰਮਚਾਰੀਆ ਤੇ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ:7/204/2012-4 ਐਫ.ਪੀ.1/66 ਮਿਤੀ 15-01-2015 ਅਤੇ ਪੱਤਰ ਨੰ: 1/06/2016-4 ਪੀ.ਪੀ.1/834680/1-2 ਮਿਤੀ 07-09-2016 ਦੀਆ ਹਦਾਇਤਾ ਲਾਗੂ ਹੋਣਗੀਆ ।

ਜੇਕਰ ਆਪ ਜੀ ਨੂੰ ਇਹ ਸ਼ਰਤਾਂ ਪ੍ਰਵਾਨ ਹਨ ਤਾਂ ਉਹ ਨਿਯੁਕਤੀ ਪੱਤਰ ਜਾਰੀ ਹੋਣ ਦੀ ਮਿਤੀ ਤੋਂ 7 ਦਿਨਾ ਦੇ ਅੰਦਰ-ਅੰਦਰ ਦਿੱਤੇ ਗਏ ਸਟੇਸਨ ਤੇ ਹਾਜਰ ਹੋਣਗੇ ।ਜੇਕਰ ਉਹ ਨਿਸ਼ਚਿਤ ਸਮੇ ਦੇ ਅੰਦਰ-ਅੰਦਰ ਹਾਜਰ ਨਾ ਹੋਏ ਤਾਂ ਇਹ ਨਿਯੁਕਤੀ ਹੁਕਮ ਰੱਦ ਕਰ ਦਿੱਤੇ ਜਾਣਗੇ।

ਸੁਭਾਸ ਚੰਦਰ
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਮਾਨਸਾ।

ਪਿ:ਅੰ:ਨੰ: 887 ਮਿਤੀ ਮਾਨਸਾ 5.2.18

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾਂ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਅਜੀਤਗੜ੍ਹ।
2. ਮੰਡਲ ਸਿੱਖਿਆ ਅਫਸਰ ਫਰੀਦਕੋਟ।
3. ਜਿਲ੍ਹਾਂ ਮੈਜਿਸਟ੍ਰੇਟ ਮਾਨਸਾ ।
4. ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਮਾਨਸਾ ।
5. ਪ੍ਰਿੰਸੀਪਲ ਮੁੱਖ ਅਧਿਆਪਕ ਸਸਸ/ਸਹਸ/ਸਪ੍ਰਸ ਅਕਲੀਆ/ਅਦਮਕੇ
6. ਬੀ.ਪੀ.ਓ. ਮਾਨਸਾ/ਝੁਨੀਰ 1,2/ਬੁਢਲਾਡਾ-1,2
7. ਸਬੰਧਤ ਕਰਮਚਾਰੀ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਮਾਨਸਾ।